# ਨਗਰ ਨਿਗਮ ਬਠਿੰਡਾ।

ਨਗਰ ਨਿਗਮ, ਬਠਿੰਡਾ ਦੀ ਫਾਇਨਾਂਸ ਅਤੇ ਕੰਟਰੈਕਟ ਕਮੇਟੀ ਦੀ ਮੀਟਿੰਗ ਮਿਤੀ 26.08.2019 ਨੂੰ ਦੁਪਹਿਰ 12.00 ਵਜੇ ਸ਼੍ਰੀ ਬਲਵੰਤ ਰਾਏ, 'ਨਾਥ' ਮੇਅਰ, ਨਗਰ ਨਿਗਮ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰਜ਼ ਨੇ ਹਿੱਸਾ ਲਿਆ।

ਸ਼੍ਰੀ ਬਲਵੰਤ ਰਾਏ 'ਨਾਥ'
ਮੇਅਰ

ਸ਼੍ਰੀ ਬਿਕਰਮਜੀਤ ਸਿੰਘ ਸ਼ੇਰਗਿੱਲ, ਪੀ.ਸੀ.ਐਸ.
ਕਮਿਸ਼ਨਰ

ਸ਼੍ਰੀ ਤਰਸੇਮ ਚੰਦ ਗੋਇਲ
ਸੀਨੀਅਰ ਡਿਪਟੀ ਮੇਅਰ

ਸ਼੍ਰੀਮਤੀ ਗੁਰਿੰਦਰ ਪਾਲ ਕੋਰ ਮਾਂਗਟ
ਡਿਪਟੀ ਮੇਅਰ

ਸ੍ਰ: ਨਿਰਮਲ ਸਿੰਘ ਸੰਧੂ
ਮੈਂਬਰ ਐਫ.ਐਂਡ ਸੀ.ਸੀ.

ਸ੍ਰ: ਹਰਮਿੰਦਰ ਸਿੰਘ
ਮੈਂਬਰ ਐਫ.ਐਂਡ ਸੀ.ਸੀ.

<table>
<tr><th>ਲੜੀ ਨੰ:</th><th>ਮਤਾ ਨੰ:</th><th>ਏਜੰਡਾ ਆਈਟਮ ਨੰ:</th><th>ਮਤਾ ਜੋ ਪਾਸ ਹੋਇਆ</th></tr>
<tr><td>1</td><td>49</td><td>ਏਜੰਡਾ ਨੰ: 1:<br>ਮੀਟਿੰਗ ਮਿਤੀ 09.07.2019 ਦੀ ਕਾਰਵਾਈ ਦੀ ਪਕਿਆਈ।</td><td>ਅੱਜ ਦੀ ਮੀਟਿੰਗ ਵਿੱਚ ਏਜੰਡਾ ਲੜੀ ਨੰਬਰ 8 ਤੇ ਦਰਜ਼ ਮੱਦ ਨੂੰ ਵਿਚਾਰਦੇ ਹੋਏ ਮੀਟਿੰਗ ਮਿਤੀ 09.07.2019 ਦੇ ਮਤਾ ਨੰਬਰ 46 ਨੂੰ ਛੱਡ ਕੇ ਬਾਕੀ ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।</td></tr>
<tr><td>2</td><td>50</td><td>ਏਜੰਡਾ ਨੰ: 2<br>ਰਿਪੋਰਟ ਵਰਕਸ ਸ਼ਾਖਾ ਕਿ ਲੇਇੰਗ ਆਫ ਪੀ.ਸੀ. 20 ਐਮ.ਐਮ. ਥਿੱਕ ਇਨ ਸਟਰੀਟ ਨੰਬਰ 18, 19, 20, 15 ਐਂਡ ਪੋਰਸ਼ਨ ਆਫ ਸਟਰੀਟ ਨੰਬਰ 17, ਅਜੀਤ ਰੋਡ ਦੇ ਕੰਮ ਦੇ ਮੁਬਲਿਗ 12.65 ਲੱਖ ਰੁਪਏ ਦੇ ਕੰਮ ਦੇ ਟੈਂਡਰ ਤੀਸਰੀ ਵਾਰ ਮਿਤੀ 31.07.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਸਿਰਫ ਇੱਕ ਹੀ ਟੈਂਡਰ ਪ੍ਰਾਪਤ ਹੋਇਆ ਹੈ:-
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>ਫੇਅਰਡੀਲ ਕੰਸ: ਕੰਪਨੀ</td><td>(-) 6.03%</td><td>1188720/50</td></tr>
</table>
ਉਪਰੋਕਤ ਅਨੁਸਾਰ ਫੇਅਰਡੀਲ ਕੰਸ: ਕੰਪਨੀ ਇਹ ਕੰਮ 12.65 ਲੱਖ ਰੁਪਏ ਦੇ ਮੁਕਾਬਲੇ 1188720/50 ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
<tr><td>3</td><td>51</td><td>ਏਜੰਡਾ ਨੰ: 3<br>ਰਿਪੋਰਟ ਵਰਕਸ ਸ਼ਾਖਾ ਕਿ ਪ/ਲ ਪੀ.ਸੀ. 20 ਐਮ.ਐਮ. ਥਿੱਕ ਆਨ ਏਰੀਆ ਬਿਟਵਿਨ ਪੁਖਰਾਜ ਕਲੋਨੀ ਐਂਡ ਗਣੇਸ਼ ਨਗਰ, ਜ਼ੋਨ ਨੰਬਰ 04 ਦੇ ਕੰਮ ਦੇ ਮੁਬਲਿਗ 5.76 ਲੱਖ ਰੁਪਏ ਦੇ ਕੰਮ ਦੇ ਟੈਂਡਰ ਤੀਸਰੀ ਵਾਰ ਮਿਤੀ 18.07.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ 2 ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>ਸ਼੍ਰੀ ਜਗਜੀਤ ਸਿੰਘ ਢਿੱਲੋਂ ਠੇਕੇਦਾਰ</td><td>(-) 3.11%</td><td>558188/13</td></tr>
<tr><td>2.</td><td>ਫੇਅਰਡੀਲ ਕੰਸ: ਕੰਪਨੀ</td><td>(-) 3.00%</td><td>558821/85</td></tr>
</table>
ਉਪਰੋਕਤ ਟੈਂਡਰਾਂ ਅਨੁਸਾਰ ਸ਼੍ਰੀ ਜਗਜੀਤ ਸਿੰਘ ਢਿੱਲੋਂ, ਠੇਕੇਦਾਰ ਦੇ ਰੇਟ ਸੱਭ ਤੋਂ ਘੱਟ ਹਨ। ਠੇਕੇਦਾਰ ਇਹ ਕੰਮ 5.76 ਲੱਖ ਰੁਪਏ ਦੇ ਮੁਕਾਬਲੇ 558188/13 ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
<tr><td>4</td><td>52</td><td>ਏਜੰਡਾ ਨੰ: 4<br>ਰਿਪੋਰਟ ਵਰਕਸ ਸ਼ਾਖਾ ਕਿ ਕੰਸ: ਆਫ ਫੁੱਟਪਾਥ ਐਟ ਡੀ.ਏ.ਵੀ. ਪੌਂਡ, ਪ/ਲੇਇੰਗ ਟਾਇਲਜ਼ ਇਨ ਪਾਰਕਿੰਗ ਏਰੀਆ ਐਟ ਡੀ.ਏ.ਵੀ. ਪੌਂਡ, ਮਿਸਲੇਨੀਅਸ ਸਿਵਲ ਵਰਕਸ ਐਟ ਡੀ.ਏ.ਵੀ. ਪੌਂਡ, ਡਿਵੈਲਪਮੈਂਟ ਵਰਕ ਇਨ ਡਿਫਰੈਂਟ ਪਾਰਕਸ ਇਨ ਟੀ.ਪੀ. ਸਕੀਮ ਨੰਬਰ 15 ਦੇ ਕੰਮ ਦੇ ਮੁਬਲਿਗ 82.77 ਲੱਖ ਰੁਪਏ ਦੇ ਕੰਮ ਦੇ ਟੈਂਡਰ ਤੀਸਰੀ ਵਾਰ ਮਿਤੀ 18.07.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ 2 ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>ਸ਼੍ਰੀ ਜਗਜੀਤ ਸਿੰਘ ਢਿੱਲੋਂ ਠੇਕੇਦਾਰ</td><td>(-) 15.33%</td><td>7008135/90</td></tr>
<tr><td>2.</td><td>ਸ਼੍ਰੀ ਸੀਤਾ ਰਾਮ ਠੇਕੇਦਾਰ</td><td>(-) 23.75%</td><td>6311212/50</td></tr>
</table></td><td></td></tr>
</table>

<table>
<tr><td></td><td></td><td>ਉਪਰੋਕਤ ਟੈਂਡਰਾਂ ਅਨੁਸਾਰ ਸ਼੍ਰੀ ਸੀਤਾ ਰਾਮ, ਠੇਕੇਦਾਰ ਦੇ ਰੇਟ ਸੱਭ ਤੋਂ ਘੱਟ ਹਨ। ਠੇਕੇਦਾਰ ਇਹ ਕੰਮ 82.77 ਲੱਖ ਰੁਪਏ ਦੇ ਮੁਕਾਬਲੇ 6311212/50 ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
<tr><td>5</td><td>53</td><td><u>ਏਜੰਡਾ ਨੰ: 5</u><br>ਰਿਪੋਰਟ ਵਰਕਸ ਸ਼ਾਖਾ ਕਿ ਲੇਇੰਗ ਬੀ.ਐਮ. ਪੀ.ਸੀ. ਇਨ ਗੁਰਦੁਆਰਾ ਛੱਜੂ ਸਿੰਘ ਰੋਡ ਐਂਡ ਐਡਜੁਆਇਨਿੰਗ ਸਟਰੀਟਾ ਵਾਰਡ ਨੰਬਰ 31, ਪੀ.ਆਰ.ਟੀ.ਸੀ. ਰੋਡ, ਮਹਸ਼ੇਵਰੀ ਧਰਮਕੰਡਾ ਅਪਟੂ ਦਾਣਾ ਮੰਡੀ ਚੋਂਕ ਐਂਡ ਵੈਰੀਅਸ ਸਟਰੀਟਸ ਆਫ ਗਣੇਸ਼ ਨਗਰ ਐਂਡ ਨਾਮਦੇਵ ਨਗਰ ਦੇ ਕੰਮ ਦੇ ਮੁਬਲਿਗ 37.00 ਲੱਖ ਰੁਪਏ ਦੇ ਕੰਮ ਦੇ ਟੈਂਡਰ ਤੀਸਰੀ ਵਾਰ ਮਿਤੀ 29.07.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ 2 ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>ਸ਼੍ਰੀ ਜਗਜੀਤ ਸਿੰਘ ਢਿੱਲੋਂ ਠੇਕੇਦਾਰ</td><td>(-) 5.10%</td><td>3511300/-</td></tr>
<tr><td>2.</td><td>ਫੇਅਰਡੀਲ ਕੰਸ: ਕੰਪਨੀ</td><td>(-) 7.10%</td><td>3437300/-</td></tr>
</table>
ਉਪਰੋਕਤ ਟੈਂਡਰਾਂ ਅਨੁਸਾਰ ਫੇਅਰਡੀਲ ਕੰਸ: ਕੰਪਨੀ ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 37.00 ਲੱਖ ਰੁਪਏ ਦੇ ਮੁਕਾਬਲੇ 3437300/- ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
<tr><td>6</td><td>54</td><td><u>ਏਜੰਡਾ ਨੰ: 6</u><br>ਰਿਪੋਰਟ ਵਰਕਸ ਸ਼ਾਖਾ ਕਿ ਪੇਚ ਵਰਕ ਇਨ ਵਾਰਡ ਨੰਬਰ 15,27,28,29,31,35, ਜ਼ੋਨ ਨੰਬਰ 1 ਦੇ ਕੰਮ ਦੇ ਮੁਬਲਿਗ 35.46 ਲੱਖ ਰੁਪਏ ਦੇ ਕੰਮ ਦੇ ਟੈਂਡਰ ਤੀਸਰੀ ਵਾਰ ਮਿਤੀ 31.07.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਸਿਰਫ ਇੱਕ ਹੀ ਟੈਂਡਰ ਪ੍ਰਾਪਤ ਹੋਇਆ ਹੈ:-
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>ਮੈਸ: ਗੁਰਬਚਨ ਸਿੰਘ ਠੇਕੇਦਾਰ</td><td>(-) 7.25%</td><td>3288915/-</td></tr>
</table>
ਉਪਰੋਕਤ ਅਨੁਸਾਰ ਮੈਸ: ਗੁਰਬਚਨ ਸਿੰਘ ਠੇਕੇਦਾਰ ਇਹ ਕੰਮ 35.46 ਲੱਖ ਰੁਪਏ ਦੇ ਮੁਕਾਬਲੇ 3288915/- ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
<tr><td>7</td><td>55</td><td><u>ਏਜੰਡਾ ਨੰ: 7</u><br>ਰਿਪੋਰਟ ਵਰਕਸ ਸ਼ਾਖਾ ਕਿ ਬਿਊਟੀਫਿਕੇਸ਼ਨ ਆਫ ਸੰਜੇ ਨਗਰ ਪੌਂਡ (ਇਲੈਕਟ੍ਰਿਕਲ ਵਰਕ) ਦੇ ਕੰਮ ਦੇ ਮੁਬਲਿਗ 6.22 ਲੱਖ ਰੁਪਏ ਦੇ ਕੰਮ ਦੇ ਟੈਂਡਰ ਤੀਸਰੀ ਵਾਰ ਮਿਤੀ 22.07.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ 2 ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>ਜੈ ਦੁਰਗਾ ਇਲੈਕਟ੍ਰਿਕਲਜ਼</td><td>(-) 3.25%</td><td>601423/92</td></tr>
</table></td><td></td></tr>
</table>

| | | | |
|---|---|---|---|
| | | 2. ਮੈਸ. ਰਾਮ ਨਿਵਾਸ ਸਰਵਿਸ ਸੈਂਟਰ (-) 10.56% 555983/-<br>ਉਪਰੋਕਤ ਟੈਂਡਰਾਂ ਅਨੁਸਾਰ ਮੈਸ: ਰਾਮ ਨਿਵਾਸ ਸਰਵਿਸ ਸੈਂਟਰ ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 6.22 ਲੱਖ ਰੁਪਏ ਦੇ ਮੁਕਾਬਲੇ 555983/- ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | ਪ੍ਰਵਾਨ ਹੈ। |
| 8 | 56 | <u>ਏਜੰਡਾ ਨੰ: 8:</u><br><br>ਰਿਪੋਰਟ ਵਰਕਸ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ Fortune Electro India ਨੂੰ ਸ਼ਹਿਰ ਵਿੱਚ ਆਰ.ਓ. ਲਗਾਉਣ ਅਤੇ ਉਨ੍ਹਾਂ ਦੀ ਦੇਖਭਾਲ ਦਾ ਕੰਮ ਅਲਾਟ ਕੀਤਾ ਗਿਆ ਸੀ, ਜਿਸ ਦੀ ਮਿਆਦ ਮਿਤੀ 31.12.2018 ਤੱਕ ਸੀ। ਨਗਰ ਨਿਗਮ ਵੱਲੋਂ ਠੇਕੇ ਦੀਆਂ ਸ਼ਰਤਾਂ ਅਨੁਸਾਰ ਫਰਮ ਨੂੰ 20% ਬੈਂਕ ਗਾਰੰਟੀ ਜਮ੍ਹਾਂ ਕਰਵਾਉਣ ਲਈ ਆਪਣੇ ਮਤਾ ਨੰਬਰ 60 ਮਿਤੀ 25.09.2018 ਰਾਹੀਂ ਪ੍ਰਵਾਨ ਕੀਤਾ ਸੀ, ਪਰੰਤੂ ਫਰਮ ਵੱਲੋਂ ਇਹ ਬੈਂਕ ਗਾਰੰਟੀ ਮਿਤੀ 10.12.2018 ਨੂੰ ਨਗਰ ਨਿਗਮ ਦਫਤਰ ਵਿਖੇ ਜਮ੍ਹਾਂ ਕਰਵਾਈ ਗਈ ਸੀ। ਇੰਨ੍ਹਾਂ ਆਰ.ਓਜ਼ ਨੂੰ ਭੱਵਿਖ ਵਿੱਚ ਚਾਲੂ ਰੱਖਣ ਲਈ ਨਗਰ ਨਿਗਮ ਵੱਲੋਂ ਟੈਂਡਰ ਦਾ ਪ੍ਰੋਸੈਸ ਸ਼ੁਰੂ ਕੀਤਾ ਹੋਇਆ ਸੀ। ਫਰਮ ਵੱਲੋਂ ਬੈਂਕ ਗਾਰੰਟੀ ਸਮੇਂ ਸਿਰ ਜਮ੍ਹਾਂ ਨਾ ਕਰਵਾਉਣ ਤੇ ਕੁੱਝ ਆਬਜ਼ਰਵੇਸ਼ਨ ਦਫਤਰ ਵੱਲੋਂ ਲਗਾਏ ਗਏ ਸਨ, ਜਿੰਨ੍ਹਾਂ ਨੂੰ ਨਿਗਮ ਦੀ ਐਫ.ਐਂਡ ਸੀ.ਸੀ. ਦੀ ਬੈਠਕ ਵਿੱਚ ਭੇਜਿਆ ਗਿਆ। ਐਫ.ਐਂਡ ਸੀ.ਸੀ. ਵੱਲੋਂ ਆਪਣੇ ਮਤਾ ਨੰਬਰ 114 ਮਿਤੀ 08.01.2019 ਰਾਹੀਂ ਪਬਲਿਕ ਹਿੱਤ ਨੂੰ ਮੁੱਖ ਰਖਦੇ ਹੋਏ ਨਵਾਂ ਟੈਂਡਰ ਅਲਾਟ ਹੋਣ ਦੀ ਮਿਤੀ ਤੱਕ ਇਸ ਮੱਦ ਨੂੰ ਪੈਂਡਿੰਗ ਰੱਖਿਆ ਗਿਆ ਸੀ।<br>ਨਵੇਂ ਟੈਂਡਰ ਦੀ ਪ੍ਰਕ੍ਰਿਆ ਪੂਰੀ ਹੋਣ ਤੇ ਇਹ ਕੰਮ ਦੂਸਰੀ ਫਰਮ ਨੂੰ ਵਰਕ ਆਰਡਰ ਨੰਬਰ 239/ਵ ਅਤੇ 240/ਵ ਮਿਤੀ 07.03.2019 ਰਾਹੀਂ ਅਲਾਟ ਕਰ ਦਿੱਤਾ ਗਿਆ ਸੀ ਅਤੇ Fortune Electro India ਵੱਲੋਂ ਨਵੀਂ ਫਰਮ ਨੂੰ ਸਾਰੇ ਆਰ.ਓਜ਼ ਚਾਲੂ ਹਾਲਤ ਵਿੱਚ ਮਿਤੀ 01.04.2019 ਨੂੰ ਹੈਂਡ ਓਵਰ ਕਰ ਦਿੱਤੇ ਗਏ ਸਨ। ਹੁਣ Fortune Electro India ਵੱਲੋਂ ਜਮ੍ਹਾਂ ਕਰਵਾਈ ਗਈ ਬੈਂਕ ਗਾਰੰਟੀ ਦੀ ਮੰਗ ਕੀਤੀ ਗਈ ਹੈ। ਐਫ.ਐਂਡ ਸੀ.ਸੀ. ਵੱਲੋਂ ਆਪਣੇ ਮਤਾ ਨੰਬਰ 46 ਮਿਤੀ 09.07.2019 ਰਾਹੀਂ ਪੈਂਡਿੰਗ ਰੱਖੀ ਮੱਦ ਨੂੰ ਪ੍ਰਵਾਨ ਕਰ ਲਿਆ ਹੈ।Fortune Electro India ਵੱਲੋਂ ਸਾਰਾ ਕੰਮ ਤਸੱਲੀਬਖਸ਼ ਤੋਰ ਤੇ ਨਵੀਂ ਫਰਮ ਨੂੰ ਸੰਭਾਲ ਦਿੱਤਾ ਹੈ। ਇਸ ਲਈ ਫਰਮ ਵੱਲੋਂ ਜਮ੍ਹਾ ਕਰਵਾਈ ਬੈਂਕ ਗਾਰੰਟੀ ਮੁਬਲਿਗ 20.00 ਲੱਖ ਰੁਪਏ ਵਾਪਿਸ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ ਰਿਪੋਰਟ ਕੀਤੀ ਗਈ ਹੈ।<br>ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "Vide Resolution No. 46, it is mentioned that agency shall be black listed and debarred for 5 years for further participation in tenders. Has any action been taken in this regard.<br>ਇਸ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "Mayor office has conveyed verbally that amendment is to be made in the resolution. i.e. why file is being sent again to F&CC. No action has been taken yet.<br>ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਮੀਟਿੰਗ ਵਿੱਚ ਹਾਜ਼ਰ ਅਧਿਕਾਰੀਆਂ ਨੇ ਦਸਿਆ ਕਿ** Fortune Electro India **ਫਰਮ ਨੂੰ ਹਾਊਸ ਦੇ ਮਤਾ ਨੰਬਰ 60 ਮਿਤੀ 25.09.2018 ਰਾਹੀਂ 20.00 ਲੱਖ ਰੁਪਏ ਦੀ ਬੈਂਕ ਗਾਰੰਟੀ ਜਮ੍ਹਾਂ ਕਰਾਉਣ ਲਈ ਕਿਹਾ ਗਿਆ ਸੀ। ਪਰੰਤੂ ਫਰਮ ਵੱਲੋਂ ਬੈਂਕ ਗਾਰੰਟੀ ਜਮ੍ਹਾਂ ਨਾ ਕਰਵਾਉਣ ਕਰਕੇ ਫਰਮ ਨੂੰ ਬਲੈਕ ਲਿਸਟ ਕਰਨ ਲਈ ਮਿਤੀ 26.10.2018 ਨੂੰ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ ਭੇਜਿਆ ਗਿਆ ਸੀ। ਇਹ ਕੇਸ ਐਫ.ਐਂਡ ਸੀ.ਸੀ. ਦੇ ਮਤਾ ਨੰਬਰ 114 ਮਿਤੀ 08.01.2019 ਰਾਹੀਂ ਪਬਲਿਕ ਹਿੱਤਾਂ ਨੂੰ ਮੁੱਖ ਰਖਦੇ ਹੋਏ ਨਵਾਂ ਟੈਂਡਰ ਅਲਾਟ ਹੋਣ ਦੀ ਮਿਤੀ ਤੱਕ ਪੈਂਡਿੰਗ ਰੱਖਿਆ ਗਿਆ ਸੀ। ਪਰੰਤੂ ਇਸੇ ਦੋਰਾਨ ਫਰਮ ਵੱਲੋਂ ਮਿਤੀ 10.12.2018 ਨੂੰ ਬੈਂਕ ਗਾਰੰਟੀ ਜਮ੍ਹਾਂ ਕਰਵਾ ਦਿੱਤੀ ਸੀ। ਹੁਣ ਨਵਾਂ ਟੈਂਡਰ ਦੂਸਰੀ ਫਰਮ ਨੂੰ ਅਲਾਟ ਹੋ ਚੁੱਕਾ ਹੈ ਅਤੇ ਪਹਿਲੀ ਫਰਮ ਵੱਲੋਂ ਆਰ.ਓਜ਼ ਦਾ ਸਾਰਾ ਕੰਮ ਤਸੱਲੀਬਖਸ਼ ਤੋਰ ਤੇ ਦੂਸਰੀ ਫਰਮ ਨੂੰ ਸੰਭਾਲ ਦਿੱਤਾ ਹੈ। ਇਸ ਲਈ ਪਹਿਲੀ ਫਰਮ** Fortune Electro India **ਦੀ ਦਿੱਤੀ ਬੈਂਕ ਗਾਰੰਟੀ ਵਾਪਸ ਕਰ ਦੇਣੀ ਚਾਹੀਦੀ ਹੈ।**<br>**ਉਕਤ ਸਪਸ਼ਟੀਕਰਨ ਦੇ ਮੱਦੇ ਨਜ਼ਰ ਐਫ.ਐਂਡ ਸੀ.ਸੀ. ਵੱਲੋਂ ਪਹਿਲਾਂ ਪਾਸ ਕੀਤਾ ਮਤਾ ਨੰਬਰ 46 ਮਿਤੀ** 09.07.2019 **ਨੂੰ ਰੱਦ ਕਰਦੇ ਹੋਏ** Fortune Electro India **ਵੱਲੋਂ ਜਮ੍ਹਾਂ ਕਰਵਾਈ ਬੈਂਕ ਗਾਰੰਟੀ ਵਾਪਸ ਕਰਨਾ ਪ੍ਰਵਾਨ ਕੀਤਾ ਜਾਂਦਾ ਹੈ।** |
| 9 | 57 | <u>ਏਜੰਡਾ ਨੰ: 9:</u> | |

<table>
<tr>
<td></td>
<td></td>
<td>ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਲੇਇੰਗ ਵਾਟਰ ਸਪਲਾਈ ਲਾਈਨ ਆਦਰਸ਼ ਨਗਰ ਵਾਰਡ ਨੰਬਰ 1 ਦੇ ਕੰਮ ਦੇ ਟੈਂਡਰ ਮਿਤੀ 25.02.2019 ਰਾਹੀਂ ਮੰਗੇ ਗਏ ਸਨ। ਕੁੱਲ ਤਿੰਨ ਟੈਂਡਰ ਪ੍ਰਾਪਤ ਹੋਏ ਸਨ। ਸੱਭ ਤੋਂ ਘੱਟ ਰੇਟ ਦੀ ਬਜਰੰਗ ਕੋ-ਅੱਪ ਐਲ.ਸੀ. ਸੋਸਾਇਟੀ ਲਿਮਟਿਡ ਦੇ ਪ੍ਰਵਾਨ ਕਰਨ ਲਈ ਐਫ.ਐਂਡ ਸੀ.ਸੀ. ਦੀ ਬੈਠਕ ਵਿੱਚ ਭੇਜੇ ਗਏ ਸਨ। ਐਫ.ਐਂਡ ਸੀ.ਸੀ. ਦੀ ਬੈਠਕ ਚੋਣ ਜਾਬਤਾ ਲੱਗ ਜਾਣ ਕਾਰਨ ਨਹੀਂ ਹੋਈ। ਚੋਣ ਜਾਬਤਾ ਖਤਮ ਹੋਣ ਉਪਰੰਤ ਐਫ.ਐਂਡ ਸੀ.ਸੀ. ਕਮੇਟੀ ਵੱਲੋਂ ਉਕਤ ਟੈਂਡਰ ਆਪਣੇ ਮਤਾ ਨੰਬਰ 3 ਮਿਤੀ 09.07.2019 ਰਾਹੀਂ ਪ੍ਰਵਾਨ ਕਰ ਲਿਆ ਹੈ। ਸਭਾ ਵੱਲੋਂ ਆਪਣੀ ਦਰਖਾਸਤ ਵਿੱਚ ਲਿਖਿਆ ਹੈ ਕਿ "ਟੈਂਡਰ ਵੈਲਡਿਟੀ ਦਾ ਸਮਾਂ 90 ਦਿਨ ਪੂਰਾ ਹੋ ਚੁੱਕਾ ਹੈ। ਸਭਾ ਵੈਲਡਿਟੀ ਸਮਾਂ ਵਧਾਉਣ ਦੀ ਇਛੁੱਕ ਨਹੀਂ ਹੈ। ਇਸ ਲਈ ਸਾਡਾ ਟੈਂਡਰ ਕੈਂਸਲ ਕੀਤਾ ਜਾਵੇ ਅਤੇ ਸਭਾ ਵੱਲੋਂ ਜਮ੍ਹਾਂ ਕਰਵਾਈ ਗਈ ਬਿਆਨਾ ਰਕਮ ਵਾਪਸ ਕੀਤੀ ਜਾਵੇ।"<br>ਇਸ ਸਬੰਧੀ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਰਿਪੋਰਟ ਕੀਤੀ ਹੈ ਕਿ ਉਕਤ ਕੰਮ ਦੇ ਟੈਂਡਰ ਮਿਤੀ 25.02.2019 ਨੂੰ ਮੰਗੇ ਗਏ ਸਨ। ਟੈਂਡਰ ਦੀਆਂ ਸ਼ਰਤਾਂ ਅਨੁਸਾਰ ਠੇਕੇਦਾਰ ਦੁਆਰਾ ਭਰੇ ਰੇਟ 90 ਦਿਨਾਂ ਲਈ ਵੈਲਿਡ ਸਨ। ਇਸ ਤਰ੍ਹਾਂ ਠੇਕੇਦਾਰ ਦੇ ਰੇਟ 26.05.2019 ਤੱਕ ਵੈਲਿਡ ਸਨ। ਇਹ ਕੰਮ ਮਿਤੀ 26.05.2019 ਤੱਕ ਅਲਾਟ ਨਹੀਂ ਕੀਤਾ ਜਾ ਸਕਿਆ। ਇਹ ਕੰਮ ਐਫ.ਐਂਡ ਸੀ.ਸੀ. ਵੱਲੋਂ ਮਿਤੀ 09.07.2019 ਨੂੰ ਅਲਾਟ ਕਰਨਾ ਪ੍ਰਵਾਨ ਕੀਤਾ ਹੈ। ਹੁਣ ਠੇਕੇਦਾਰ ਨੇ ਲਿਖ ਕੇ ਦਿੱਤਾ ਹੈ ਕਿ ਸਭਾ ਦੀ ਸਹਿਮਤੀ ਤੋਂ ਬਗੈਰ ਕੰਮ ਅਲਾਟ ਨਹੀਂ ਕੀਤਾ ਜਾ ਸਕਦਾ, ਜੋ ਕਿ ਨਿਯਮਾਂ ਅਨੁਸਾਰ ਠੀਕ ਹੈ। ਸੋ ਐਫ.ਐਂਡ ਸੀ.ਸੀ. ਦੇ ਮਤਾ ਨੰਬਰ 3 ਮਿਤੀ 09.07.2019 ਰਾਹੀਂ ਪ੍ਰਵਾਨ ਕੀਤਾ ਟੈਂਡਰ ਰੱਦ ਕਰਨ ਅਤੇ ਰੀ-ਕਾਲ ਕਰਨ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਪਾਸ ਕੀਤਾ ਗਿਆ ਕਿ ਟੈਂਡਰ ਰੱਦ ਕਰਕੇ ਤੁਰੰਤ ਰੀ-ਕਾਲ ਕੀਤੇ ਜਾਣ।</td>
</tr>
<tr>
<td>10</td>
<td>58</td>
<td><u>ਏਜੰਡਾ ਨੰ: 10</u><br><br>ਰਿਪੋਰਟ ਵਰਕਸ ਸ਼ਾਖਾ ਕਿ ਬਿਊਟੀਫਿਕੇਸ਼ਨ ਆਫ ਸੰਗੂਆਣਾ ਬਸਤੀ ਪੌਂਡ (ਇਲੈਕਟ੍ਰਿਕਲ ਵਰਕ) ਦੇ ਕੰਮ ਦੇ ਮੁਬਲਿਗ 5.29 ਲੱਖ ਰੁਪਏ ਦੇ ਕੰਮ ਦੇ ਟੈਂਡਰ ਤੀਸਰੀ ਵਾਰ ਮਿਤੀ 22.07.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ 2 ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-
<table>
<tr><td>ਲੜੀ ਨੰ:</td><td>ਏਜੰਸੀ ਦਾ ਨਾਮ</td><td>ਓਵਰਆਲ ਲੈਸ</td><td>ਟੈਂਡਰ ਕੀਤੀ ਰਕਮ</td></tr>
<tr><td>1.</td><td>ਜੈ ਦੁਰਗਾ ਇਲੈਕਟ੍ਰਿਕਲਜ਼</td><td>(-) 2.75%</td><td>514069/88</td></tr>
<tr><td>2.</td><td>ਮੈਸ. ਰਾਮ ਨਿਵਾਸ ਸਰਵਿਸ ਸੈਂਟਰ</td><td>(-) 10.56%</td><td>472785/71</td></tr>
</table>
ਉਪਰੋਕਤ ਟੈਂਡਰਾਂ ਅਨੁਸਾਰ ਮੈਸ: ਰਾਮ ਨਿਵਾਸ ਸਰਵਿਸ ਸੈਂਟਰ ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 5.29 ਲੱਖ ਰੁਪਏ ਦੇ ਮੁਕਾਬਲੇ 472785/71 ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਪ੍ਰਵਾਨ ਹੈ।</td>
</tr>
<tr>
<td>11</td>
<td>59</td>
<td><u>ਏਜੰਡਾ ਨੰ: 11</u><br>ਰਿਪੋਰਟ ਵਰਕਸ ਸ਼ਾਖਾ ਕਿ ਮੈਨਟੀਨੈਂਸ ਆਫ ਹਾਈ ਮਾਸਟ ਲਾਈਟ ਵਿਦ ਮੈਨਟੀਨੈਂਸ ਮਟੀਰਿਅਲ ਦੇ ਕੰਮ ਦੇ ਮੁਬਲਿਗ 3.82 ਲੱਖ ਰੁਪਏ ਦੇ ਕੰਮ ਦੇ ਟੈਂਡਰ ਛੇਵੀਂ ਵਾਰ ਮਿਤੀ 22.07.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਸਿਰਫ ਇੱਕ ਹੀ ਟੈਂਡਰ ਪ੍ਰਾਪਤ ਹੋਇਆ ਹੈ:-<br><br>
<table>
<tr><td>ਲੜੀ ਨੰ:</td><td>ਏਜੰਸੀ ਦਾ ਨਾਮ</td><td>ਓਵਰਆਲ ਲੈਸ</td><td>ਟੈਂਡਰ ਕੀਤੀ ਰਕਮ</td></tr>
</table></td>
<td></td>
</tr>
</table>

<table>
<tr>
<td></td>
<td></td>
<td>
<table>
<tr><td>1.</td><td>ਮੈਸ: ਰਾਮ ਨਿਵਾਸ ਸਰਵਿਸ ਸੈਂਟਰ</td><td>(–) 10.56%</td><td>341802/12</td></tr>
</table>
ਉਪਰੋਕਤ ਅਨੁਸਾਰ ਮੈਸ: ਰਾਮ ਨਿਵਾਸ ਸਰਵਿਸ ਸੈਂਟਰ ਇਹ ਕੰਮ 3.82 ਲੱਖ ਰੁਪਏ ਦੇ ਮੁਕਾਬਲੇ 341802/12 ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td>
<td>ਪ੍ਰਵਾਨ ਹੈ।</td>
</tr>
<tr>
<td>12</td>
<td>60</td>
<td>
<u>ਏਜੰਡਾ ਨੰ: 12</u><br>
ਰਿਪੋਰਟ ਸਟਰੀਟ ਲਾਈਟ ਸ਼ਾਖਾ ਕਿ ਸਪਲਾਈ ਆਫ ਸਟਰੀਟ ਲਾਈਟ ਲੇਬਰ ਇਨ ਬਠਿੰਡਾ ਸਿਟੀ ਫਾਰ ਸਬ-ਡਵੀਜ਼ਨ ਨੰਬਰ ਡੀ-1, ਡੀ-2, ਡੀ-3 ਅਤੇ ਡੀ-4 ਦੇ ਕੰਮ ਦੇ ਮੁਬਲਿਗ 66.14 ਲੱਖ ਰੁਪਏ ਦੇ ਕੰਮ ਦੇ ਟੈਂਡਰ ਤੀਸਰੀ ਵਾਰ ਮਿਤੀ 18.07.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਸਿਰਫ ਇੱਕ ਹੀ ਟੈਂਡਰ ਪ੍ਰਾਪਤ ਹੋਇਆ ਹੈ:-
<table>
<tr><th>S.No.</th><th>Name of Firm</th><th>Percentage above DC Rate (Contract Profit)</th><th>Tender Rate</th></tr>
<tr><td>1.</td><td>Jagmohandeep Bansal Govt. Contractor</td><td>1%</td><td>66.14 Lacs</td></tr>
</table>
ਇੱਥੇ ਦਸਣਯੋਗ ਹੈ ਕਿ ਇਹ ਤਖਮੀਨਾ Govt. of Punjab, Department of Finance ਦੇ ਨੋਟੀਫਿਕੇਸ਼ਨ ਨੰਬਰ 7/74/2011-1FP/734 ਮਿਤੀ 27.08.2018 ਅਨੁਸਾਰ ਡੀ.ਸੀ. ਰੇਟਾਂ ਉਪਰ 1% Contract Profit ਲੈ ਕੇ ਤਿਆਰ ਕੀਤਾ ਗਿਆ ਸੀ। ਉਪਰੋਕਤ ਕੰਮ ਸਬੰਧੀ Jagmohandeep Bansal Govt. Contractors ਵੱਲੋਂ 1% Contract Profit ਪਾਇਆ ਗਿਆ ਹੈ। ਇਹ ਕੰਮ 66.14 ਲੱਖ ਰੁਪਏ ਦੇ ਮੁਕਾਬਲੇ 66.14 ਲੱਖ ਰੁਪਏ ਵਿੱਚ ਕਰਨ ਲਈ ਤਿਆਰ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td>
<td>ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਸਬੰਧਤ ਠੇਕੇਦਾਰ ਸਾਰੇ Labour Laws ਅਪਨਾਉਣ ਦਾ ਪਾਬੰਦ ਹੋਵੇਗਾ ਅਤੇ ਸਰਕਾਰ ਵੱਲੋਂ Unorganized labour ਨੂੰ ਜੋ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ, ਉਹ ਵੀ ਦੇਣ ਦਾ ਪਾਬੰਦ ਹੋਵੇਗਾ। ਇਸ ਤੋਂ ਇਲਾਵਾ ਜਿਸ ਵੀ ਸ਼ਾਖਾ ਵਿੱਚ ਇਹ ਲੇਬਰ ਕੰਮ ਕਰੇਗੀ, ਉਸ ਸ਼ਾਖਾ ਦਾ ਬਰਾਂਚ ਮੁੱਖੀ ਸਮੇਂ-ਸਮੇਂ ਸਿਰ ਚੈਕਿੰਗ ਕਰਨਗੇ ਅਤੇ ਇਸ ਸਬੰਧੀ ਤਿਮਾਹੀ ਰਿਪੋਰਟ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਪਾਸ ਦੇਣਗੇ।</td>
</tr>
<tr>
<td>13</td>
<td>61</td>
<td>
<u>ਏਜੰਡਾ ਨੰ: 13</u><br>
ਰਿਪੋਰਟ ਵਰਕਸ ਸ਼ਾਖਾ ਕਿ ਕੰਸ: ਆਫ ਕਲਵਰਟ ਇਨ ਖੇਤਾ ਸਿੰਘ ਬਸਤੀ ਇਨ ਵਾਰਡ ਨੰਬਰ 50, ਰਿਪੇਅਰ ਆਫ ਨਾਲਾ ਫਰਾਮ ਮੁਲਤਾਨੀਆ ਰੋਡ ਆਰ.ਓ.ਬੀ. ਅਪਟੂ ਐਂਡ ਪੁਆਇੰਟ ਐਂਡ ਕੰਸ: ਆਫ ਨਾਲਾ ਫਰਾਮ ਮੰਡੀ ਬੋਰਡ ਡਿਸਪੋਜ਼ਲ ਟੂ ਰੇਲਵੇ ਕਲਵਰਟ ਅਲਾਂਗ ਪਟਿਆਲਾ ਰੇਲਵੇ ਲਾਈਨ ਦੇ ਕੰਮ ਦੇ ਮੁਬਲਿਗ 11.86 ਲੱਖ ਰੁਪਏ ਦੇ ਕੰਮ ਦੇ ਟੈਂਡਰ ਤੀਸਰੀ ਵਾਰ ਮਿਤੀ 22.07.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਸਿਰਫ ਇੱਕ ਹੀ ਟੈਂਡਰ ਪ੍ਰਾਪਤ ਹੋਇਆ ਹੈ:-
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>ਦੀ ਗੰਗਾ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>(–) 7.99%</td><td>1091415/61</td></tr>
</table>
ਉਪਰੋਕਤ ਅਨੁਸਾਰ ਦੀ ਗੰਗਾ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:ਇਹ ਕੰਮ 11.86 ਲੱਖ ਰੁਪਏ ਦੇ ਮੁਕਾਬਲੇ 1091415/61 ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td>
<td>ਪ੍ਰਵਾਨ ਹੈ।</td>
</tr>
<tr>
<td>14</td>
<td>62</td>
<td>
<u>ਏਜੰਡਾ ਨੰ: 14</u><br>
ਰਿਪੋਰਟ ਵਰਕਸ ਸ਼ਾਖਾ ਕਿ ਕੰਸ: ਆਫ 4 ਨੰਬਰ ਕਾਊ ਸ਼ੈਡ ਇਨ ਗਊਸ਼ਾਲਾ ਵਿਲੈਜ਼ ਹਰਰਾਏਪੁਰ ਦੇ ਕੰਮ ਦਾ ਵਰਕ ਆਰਡਰ ਨੰਬਰ 45/ਵ ਮਿਤੀ 28.02.2019 ਰਾਹੀਂ ਅਲਾਟ ਕੀਤਾ ਗਿਆ ਹੈ। ਉਕਤ ਕਾਊ ਸ਼ੈਡ ਬਨਾਉਣ ਲਈ ਨਗਰ ਨਿਗਮ ਹਾਊਸ ਵੱਲੋਂ ਚਾਰ ਸ਼ੈਡ ਬਨਾਉਣ ਲਈ ਮਤਾ ਪਾਸ ਕੀਤਾ ਗਿਆ ਸੀ। ਪਰੰਤੂ ਐਫ.ਐਂਡ ਸੀ.ਸੀ. ਵੱਲੋਂ ਕੇਵਲ ਦੋ ਸ਼ੈਡ ਬਨਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਹੁਣ ਫਰਮ ਵੱਲੋਂ ਦੋ ਸ਼ੈਡ ਬਨਾਉਣ ਦੀ ਸਹਿਮਤੀ ਪ੍ਰਗਟ ਕਰਦੇ ਹੋਏ ਕੰਮ ਸ਼ੁਰੂ ਕਰ ਦਿੱਤਾ
</td>
<td>ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਇਹ ਚਾਰੋਂ ਸ਼ੈਡ ਨਗਰ ਨਿਗਮ</td>
</tr>
</table>

<table>
<tr><td></td><td></td><td>ਗਿਆ ਹੈ। ਸ਼ਹਿਰ ਵਿੱਚੋਂ ਅਵਾਰਾ ਪਸ਼ੂਆਂ ਦੀ ਇਮਦਾਦ ਨੂੰ ਦੇਖਦੇ ਹੋਏ ਚਾਰੋ ਸ਼ੈਂਡ ਬਨਾਉਣੇ ਅਤਿ ਜਰੂਰੀ ਹਨ। ਨਗਰ ਨਿਗਮ ਪਾਸ ਉਪਲਬੱਧ ਫੰਡਾਂ (ਕਾਉ ਸੈਸ) ਵਿੱਚੋਂ ਚਾਰੋ ਸ਼ੈਡ ਬਨਾਉਣ ਦੀ ਪ੍ਰਵਨਗੀ ਦੇਣ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਵੱਲੋਂ ਨਿਰਧਾਰਤ ਸਮੇਂ ਚਾਰ ਮਹੀਨਿਆਂ ਅੰਦਰ ਪੂਰੇ ਕੀਤੇ ਜਾਣ।</td></tr>
<tr><td></td><td></td><td><u>ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ:-</u></td><td></td></tr>
<tr><td>1</td><td>63</td><td><u>ਏਜੰਡਾ ਨੰ: 1</u><br>ਰਿਪੋਰਟ ਵਰਕਸ ਸ਼ਾਖਾ ਕਿ ਪ/ਲੇਇੰਗ ਓਪਨ ਗਰੇਡਡ 20 ਐਮ.ਐਮ. ਪੀ.ਸੀ. ਵਿਦ ਟਾਇਪ ਬੀ ਸੀਲ ਕੋਟ ਇਨ ਸਟਰੀਟ ਨੰਬਰ 1, 2, 3/4, 3/5, 3/6 ਐਂਡ 10 ਇਨ ਬਾਬਾ ਦੀਪ ਸਿੰਘ ਨਗਰ ਦੇ ਕੰਮ ਦੇ ਮੁਬਲਿਗ 11.00 ਲੱਖ ਰੁਪਏ ਦੇ ਕੰਮ ਦੇ ਟੈਂਡਰ ਤੀਸਰੀ ਵਾਰ ਮਿਤੀ 07.08.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਸਿਰਫ ਇੱਕ ਹੀ ਟੈਂਡਰ ਪ੍ਰਾਪਤ ਹੋਇਆ ਹੈ:-<br><table><tr><td>ਲੜੀ ਨੰ:</td><td>ਏਜੰਸੀ ਦਾ ਨਾਮ</td><td>ਓਵਰਆਲ ਲੈਸ</td><td>ਟੈਂਡਰ ਕੀਤੀ ਰਕਮ</td></tr><tr><td>1.</td><td>ਫੇਅਰਡੀਲ ਕੰਸ: ਕੰਪਨੀ</td><td>(–) 5.86%</td><td>1035540/-</td></tr></table>ਉਪਰੋਕਤ ਅਨੁਸਾਰ ਫੇਅਰਡੀਲ ਕੰਸ: ਕੰਪਨੀ ਇਹ ਕੰਮ 11.00 ਲੱਖ ਰੁਪਏ ਦੇ ਮੁਕਾਬਲੇ 1035540/- ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
<tr><td>2</td><td>64</td><td><u>ਏਜੰਡਾ ਨੰ: 2</u><br>ਰਿਪੋਰਟ ਵਰਕਸ ਸ਼ਾਖਾ ਕਿ ਪੇਚ ਵਰਕ/ ਰਿਪੇਅਰ ਇਨ ਵਾਰਡ ਨੰਬਰ 40, 41, 42, 43, 44, 45, 46, 47, 48, 49, 50 ਜ਼ੋਨ ਨੰਬਰ 6 ਦੇ ਕੰਮ ਦੇ ਮੁਬਲਿਗ 34.52 ਲੱਖ ਰੁਪਏ ਦੇ ਕੰਮ ਦੇ ਟੈਂਡਰ ਤੀਸਰੀ ਵਾਰ ਮਿਤੀ 07.08.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਸਿਰਫ ਇੱਕ ਹੀ ਟੈਂਡਰ ਪ੍ਰਾਪਤ ਹੋਇਆ ਹੈ:-<br><table><tr><td>ਲੜੀ ਨੰ:</td><td>ਏਜੰਸੀ ਦਾ ਨਾਮ</td><td>ਓਵਰਆਲ ਲੈਸ</td><td>ਟੈਂਡਰ ਕੀਤੀ ਰਕਮ</td></tr><tr><td>1.</td><td>ਮੈਸ: ਗੁਰਬਚਨ ਸਿੰਘ ਠੇਕੇਦਾਰ</td><td>(–) 9.25%</td><td>3132690/-</td></tr></table>ਉਪਰੋਕਤ ਅਨੁਸਾਰ ਮੈਸ: ਗੁਰਬਚਨ ਸਿੰਘ ਠੇਕੇਦਾਰ ਇਹ ਕੰਮ 34.52 ਲੱਖ ਰੁਪਏ ਦੇ ਮੁਕਾਬਲੇ 3132690/- ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
<tr><td>3</td><td>65</td><td><u>ਏਜੰਡਾ ਨੰ: 3</u><br>ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਸ਼ਹਿਰ ਵਿੱਚੋਂ ਅਵਾਰਾ ਪਸ਼ੂਆਂ ਨੂੰ ਫੜ੍ਹ ਕੇ ਗਊਸ਼ਾਲਾ ਵਿੱਚ ਭੇਜਣ ਲਈ ਮਿਤੀ 13.08.2019 ਨੂੰ ਪੰਜਵੀ ਵਾਰ ਟੈਂਡਰ ਮੰਗਿਆ ਗਿਆ ਸੀ। ਇੰਨ੍ਹਾਂ ਟੈਂਡਰਾਂ ਦੌਰਾਨ ਦੋ ਫਰਮਾਂ ਦੇ ਰੇਟ ਪ੍ਰਾਪਤ ਹੋਏ ਹਨ। ਪ੍ਰਾਪਤ ਹੋਏ ਰੇਟਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-<br>1. <u>ਰਾਜਵੀਰ ਐਸੋਸੀਏਟਸ 2000/- ਰੁਪਏ</u><br>2. <u>ਬਾਲਾਜੀ ਐਂਟਰਪ੍ਰਾਇਜ਼ਜ਼ 1600/- ਰੁਪਏ</u><br><br>ਇੰਨ੍ਹਾਂ ਟੈਂਡਰਾ ਉਪਰੰਤ ਸ਼੍ਰੀ ਨਰਿੰਦਰ ਕੁਮਾਰ ਠੇਕੇਦਾਰ ਵੱਲੋਂ ਦਫਤਰ ਵਿਖੇ ਦਰਖਾਸਤ ਦਿੱਤੀ ਗਈ ਕਿ ਉਹ ਇਹ ਕੰਮ 590/- ਰੁਪਏ ਪ੍ਰਤੀ ਪਸ਼ੂ ਦੇ ਹਿਸਾਬ ਨਾਲ ਕਰਨ ਲਈ ਤਿਆਰ ਹੈ। ਪਰੰਤੂ ਇਸ ਕੰਮ ਲਈ ਨਗਰ ਨਿਗਮ ਵੱਲੋਂ ਗੱਡੀਆਂ</td><td></td></tr>
</table>

| | | | |
|---|---|---|---|
| | | ਆਪਣੇ ਪੱਧਰ ਤੇ ਉਪਲਬੱਧ ਕਰਵਾਈਆਂ ਜਾਣਗੀਆਂ। ਇਸ ਤੋਂ ਇਲਾਵਾ ਸ਼ਹਿਰ ਦੀ ਇੱਕ ਐਨ.ਜੀ.ਓ. ਸ਼ਹੀਦ ਭਗਤ ਸਿੰਘ ਸੱਭਿਆਚਾਰਕ ਕਲੱਬ, ਰਜਿ: ਬਠਿੰਡਾ ਵੱਲੋਂ ਦਫਤਰ ਵਿਖੇ ਪੇਸ਼ ਹੋ ਕੇ ਦਰਖਾਸਤ ਦਿੱਤੀ ਹੈ ਕਿ ਉਹ ਇਹ ਕੰਮ 300/- ਰੁਪਏ ਪ੍ਰਤੀ ਪਸ਼ੂ ਦੇ ਹਿਸਾਬ ਨਾਲ ਹੇਠ ਲਿਖੀਆਂ ਸ਼ਰਤਾਂ ਤੇ ਕਰਨ ਲਈ ਤਿਆਰ ਹੈ:-<br>1. ਇਸ ਰੇਟ ਵਿੱਚ ਕਿਸੇ ਤਰ੍ਹਾਂ ਦਾ ਟੈਕਸ ਸ਼ਾਮਲ ਨਹੀਂ ਹੈ।<br>2. ਇਸ ਰੇਟ ਵਿੱਚ ਟੀ.ਡੀ.ਐਸ. ਵੀ ਸ਼ਾਮਲ ਨਹੀਂ ਹੈ।<br>3. ਪਸ਼ੂ ਛੱਡਣ ਵਾਲੀਆਂ ਗੱਡੀਆਂ, ਡਰਾਈਵਰ, ਡੀਜ਼ਲ ਆਦਿ ਮਹਿਕਮੇ ਵੱਲੋਂ ਦਿੱਤਾ ਜਾਵੇਗਾ।<br>4. ਪਸ਼ੂਆਂ ਦੇ ਲਾਉਣ ਲਈ ਟੈਗ ਮਹਿਕਮੇ ਵੱਲੋਂ ਦਿੱਤੇ ਜਾਣਗੇ।<br>5. ਐਨ.ਜੀ.ਓ. ਗਊਸ਼ਾਲਾ ਦੀ ਰਸੀਦ ਦਿਖਾ ਕੇ ਅਦਾਇਗੀ ਦੀ ਹੱਕਦਾਰ ਹੋਵੇਗੀ।<br>ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਕਿਉਂ ਜੋ ਟੈਂਡਰ ਵਿੱਚ ਪ੍ਰਾਪਤ ਰੇਟ ਬਹੁਤ ਜਿਆਦਾ ਹਨ। ਇਸ ਲਈ ਪ੍ਰਾਪਤ ਟੈਂਡਰ ਰੱਦ ਕੀਤੇ ਜਾਂਦੇ ਹਨ।**<br>**ਸ਼ਹੀਦ ਭਗਤ ਸਿੰਘ ਸਭਿਆਚਾਰਕ ਕਲੱਬ, ਰਜਿ: ਬਠਿੰਡਾ ਦੇ ਰੇਟ 300/- ਰੁਪਏ ਪ੍ਰਤੀ ਪਸ਼ੂ ਹਨ। ਇਸ ਲਈ ਐਨ.ਜੀ.ਓ. ਸ਼ਹੀਦ ਭਗਤ ਸਿੰਘ ਸਭਿਆਚਾਰਕ ਕਲੱਬ, ਰਜਿ: ਬਠਿੰਡਾ ਦੇ ਰੇਟ 300/- ਰੁਪਏ ਪ੍ਰਤੀ ਪਸ਼ੂ ਦੇ ਹਿਸਾਬ ਨਾਲ ਉਹਨਾਂ ਦੀਆਂ ਸ਼ਰਤਾਂ ਤੋਂ ਇਲਾਵਾ ਨਗਰ ਨਿਗਮ ਵੱਲੋਂ ਪਸ਼ੂਆਂ ਦੀ ਟੈਗਿੰਗ ਕਰਨ ਉਪਰੰਤ ਗਊਸ਼ਾਲਾਵਾਂ ਵਿੱਚ ਛੱਡਣ ਦੀ ਸ਼ਰਤ ਵੀ ਦਰਜ਼ ਕਰਦੇ ਹੋਏ ਪ੍ਰਵਾਨ ਕੀਤਾ ਜਾਂਦਾ ਹੈ।** |

**ਸਹੀ/-**
**ਮੇਅਰ**
**ਨਗਰ ਨਿਗਮ, ਬਠਿੰਡਾ।**